# ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ,ਚੰਡੀਗੜ੍ਹ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

**(ਯਾਦ ਪੱਤਰ)**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
2. ਰਾਜ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ: 9/5-2009/SSA/FTB/ 59999 ਮਿਤੀ,ਚੰਡੀਗੜ੍ਹ:19-08-2009

**ਵਿਸ਼ਾ: ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰੈਫ਼ਰੈਂਸ ਲਈ ਕਿਤਾਬਾਂ ਲਾਇਬ੍ਰੇਰੀਜ਼ ਵਿੱਚ ਭੇਜਣ ਬਾਰੇ।**

**ਹਵਾਲਾ:** ਮੀਮੋ ਨੰ: 9/5-2006/SSA/FTB/ 45377

ਮਿਤੀ,ਚੰਡੀਗੜ੍ਹ:10 ਜੂਨ,2009

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਐਸ. ਐਸ. ਏ. ਵੱਲੋ ਅੱਠਵੀਂ ਜਮਾਤ ਤੀਕ ਦੇ ਨਾਨ ਐਸ. ਸੀ. ਬੱਚਿਆ ਲਈ ਕਿਤਾਬਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਲਈ ਸਾਰਾ ਸਿਲੇਬਸ ਅਤੇ ਕਰੀਕੁਲਮ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਿਆਰ ਕੀਤਾ ਜਾਂਦਾ ਹੈ । ਆਪ ਜੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਸ. ਐਸ. ਏ. ਦੁਆਰਾ ਪਿਛਲੇ ਸਾਲਾਂ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਿਤਾਬਾਂ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰੰਤੂ ਕਈ ਥਾਵਾਂ ਤੇ ਬੱਚਿਆਂ ਦੀ ਗਿਣਤੀ ਘੱਟ ਵੱਧ ਹੋਣ ਕਰਕੇ ਕੁੱਝ ਕਿਤਾਬਾਂ ਹਰ ਸਾਲ ਬਚ ਜਾਂਦੀਆਂ ਰਹੀਆਂ ਹਨ ਭਾਵੇ ਕਿ ਇਹਨਾਂ ਬਚੀਆ ਕਿਤਾਬਾਂ ਨੂੰ ਅਗਲੇ ਸਾਲ ਵਰਤੋ ਵਿੱਚ ਲਿਆਉਣ ਲਈ ਜ਼ਿਲ੍ਹਿਆਂ ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਪਰੰਤੂ ਕਈ ਵਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਨ੍ਹਾਂ ਕਿਤਾਬਾਂ ਦਾ ਸਿਲੇਬਸ ਬਦਲ ਦਿੱਤੇ ਜਾਣ ਕਰਕੇ ਇਹ ਕਿਤਾਬਾਂ ਅਗਲੇ ਸਾਲ ਵਰਤੋ ਵਿੱਚ ਨਹੀਂ ਲਿਆਈਆਂ ਜਾ ਸਕੀਆਂ।

3.0 ਇਨ੍ਹਾਂ ਸਾਰੀਆਂ ਕਿਤਾਬਾਂ ਦੀ ਗਿਣਤੀ ਕਰਵਾਓਣ ਉਪਰੰਤ ਇਹ ਮਸਲਾ ਐਸ. ਐਸ. ਏ. ਦੀ ਕਾਰਜਕਾਰੀ ਕਮੇਟੀ ਜਿਸ ਦੀ ਪ੍ਰਧਾਨਗੀ ਮੁੱਖ ਸਕੱਤਰ, ਪੰਜਾਬ ਕਰਦੇ ਹਨ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ । ਸਰਵ ਸਿੱਖਿਆ ਅਭਿਆਨ ਦੀ ਕਾਰਜਕਾਰੀ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਇਹ ਕਿਤਾਬਾਂ ਬਹੁਤ ਉਪਯੋਗੀ ਸਿੱਧ ਹੋ ਸਕਦੀਆਂ ਹਨ ਜੇ ਕਰ ਇਹ ਕਿਤਾਬਾਂ ਨੂੰ ਸਕੂਲਾਂ ਦੇ ਬੁੱਕ ਬੈਂਕਾਂ ਵਿੱਚ ਰੱਖਿਆ ਜਾਵੇ ਅਤੇ ਇਨ੍ਹਾਂ ਕਿਤਾਬਾਂ ਦੀ ਵਰਤੋਂ ਅਧਿਆਪਕ ਅਤੇ ਵਿਦਿਆਰਥੀ ਬਤੌਰ ਰੈਂਫਰੈਂਸ ਕਰਨ।

4.0 ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਹ ਬਚੀਆ ਹੋਇਆ ਕਿਤਾਬਾਂ, ਜਿਹਨਾਂ ਦਾ ਸਿਲੇਬਸ ਬਦਲਿਆ ਜਾ ਚੁੱਕਿਆ ਹੈ ਅਤੇ ਇਹ ਕਿਤਾਬਾਂ ਬੱਚਿਆਂ ਨੂੰ ਬਤੌਰ ਟੈਕਸਟ ਬੁਕਸ ਦਿੱਤੇ ਜਾਣ ਯੋਗ ਨਹੀਂ ਹਨ, ਨੂੰ ਵੱਖ ਵੱਖ ਸਕੂਲਾਂ ਵਿੱਚ ਬਣਾਏ ਗਏ ਬੁੱਕ ਬੈਂਕਾਂ ਵਿੱਚ ਰੱਖਿਆ ਜਾਵੇ ਅਤੇ ਸਟਾਕ ਰਜਿਸਟਰ ਵਿੱਚ ਇਨ੍ਹਾਂ ਕਿਤਾਬਾਂ ਦੀ ਐਂਟਰੀ ਵੀ ਕੀਤੀ ਜਾਵੇ। ਇਹ ਉਪਰਾਲਾ ਕੀਤਾ ਜਾਵੇ ਕਿ ਇਨ੍ਹਾਂ ਕਿਤਾਬਾਂ ਦੀ ਵਰਤੋ ਵਿਦਿਆਰਥੀ ਅਤੇ ਅਧਿਆਪਕ ਕਰਨ । ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਬਾਰੇ ਮੁੱਖ ਦਫਤਰ ਨੂੰ ਜ਼ਲਦ ਤੋਂ ਜ਼ਲਦ ਜਾਣੂ ਕਰਵਾਇਆ ਜਾਵੇ ਜੀ ।

**ਸਹਾ.ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ: -ਉਕਤ-

ਇਸ ਦਾ ਇੱਕ ਉਤਾਰਾ ਬਲਾਕ ਸਿੱਖਿਆ ਪ੍ਰਾਇਮਰੀ ਅਫਸਰਾਂ ਨੂੰ ਈ-ਮੇਲ ਰਾਹੀਂ ਭੇਜਿਆ ਜਾਂਦਾ ਹੈ ।

**ਸਹਾ.ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**